# HARJOT BAINS & FINLAND AMBASSADOR INAUGURATE ONE-WEEK TRAINING PROGRAM FOR 2nd BATCH OF 72 PRIMARY TEACHERS

**• BATCH WILL FURTHER DEPART TO FINLAND FOR TWO WEEK TRAINING AT UNIVERSITY OF TURKU ON MARCH 15**

*** BAINS DELIBERATES WITH FINLAND AMBASSADOR FOR STRENGTHENING COLLABORATION TO ELEVATE SCHOOL EDUCATION IN PUNJAB**

**•FINNISH AMBASSADOR KIMMO LAHDEVIRTA LAUDS PUNJAB'S TRANSFORMATIVE & PROGRESSIVE INITIATIVES IN EDUCATION SECTOR**

**•PUNJAB IMPLEMENTING "TRAIN THE TRAINER" PROGRAM TO FURTHER SUSTAIN & EXPAND THE IMPACT OF TRAINING, SAYS BAINS**

Chandigarh, March 3:

Punjab School Education Minister S. Harjot Singh Bains, along with the Finland Ambassador to India Mr. Kimmo Lahdevirta, inaugurated one-week training for 2nd batch of 72 primary school teachers here today.

After inaugurating the training program at Punjab Bhawan, S. Harjot Singh Bains said this batch of teachers will depart to Finland on March 15 for two-week training at University of Turku under the knowledge exchange program.

Discussing the successful completion of the first batch's training from October 21 to November 8 last year at University of Turku,the Education Minister held threadbare deliberations with the Finland Ambassador to India, Mr. Kimmo Lahdevirta and experts from the University of Turku to further enhance collaboration in the field of education between Punjab and Finland to elevate the standards of school education in the state. He emphasised on the further strengthening ties with the Finland, which is known for its world-class education system.

Reaffirming the commitment of Punjab Government to provide world-class education in the state, S. Bains expressed keen interest in learning from Finland's innovative educational practices, particularly in areas like elementary education,

teacher training, and digital learning. He emphasised the importance of equipping students with the skills needed to succeed in today's competitive world.

Highlighting the role of international collaboration in achieving this goal, the Minister praised Punjab school teachers for adopting new methodologies that make learning more engaging, enjoyable, and effective, laying a strong foundation for the modernisation of education in the state.

S. Harjot Singh Bains outlined the state government's commitment to keeping updating the education standards, emphasising that the teacher training program is a crucial step in aligning Punjab's educational system with international standards. He reiterated the government's dedication to equipping teachers with the necessary knowledge, training and tools to foster a stress-free and engaging learning environment.

Finland's Ambassador Mr. Kimmo Lahdevirta lauded the Punjab Government's transformative and progressive initiatives in the education sector, while expressing Finland's unwavering support for educational collaboration with Punjab. He reaffirmed Finland's commitment to helping the state enhance its educational framework. He said that the exchange of best practices and knowledge would benefit both parties.

S. Harjot Singh Bains stated that the Punjab Government is also implementing a 'Train the Trainer' program to further sustain and expand the impact of the training initiative. This program empowers selected teachers to become trainers themselves, enabling them to share their knowledge with other educators and create a cascading effect that will benefit the entire primary school education system in Punjab. This approach aims to create a long-term, self-sustaining model for improving education across the state, he added.

Secretary School Education Mr. Kamal Kishor Yadav expressed appreciation for the Finnish experts' for continued support in making the training program a success. He highlighted the potential impact of this collaboration on the state's educational system. Director SCERT, Punjab Ms. Amaninder Kaur Brar expressed her gratitude towards the distinguished experts from Finland and emphasised the importance of this international collaboration in raising the standards of primary education in Punjab.

The School Education Minister also felicitated Mr. Kimmo Lahdevirta, Counsellor of Science and Higher Education at the Embassy of Finland Ms. Liisa Toivonen, Key Account Manager University of Turku Mr. Ari Koski, Chair of Global Educational Services, Faculty of Education University of Turku Ms. Kristiina Heikkila, Vice Principal of Rauma Teacher Training School, Finland

Ms. Soili Norra and Senior Researcher of Department of Teacher Education Ms. Suvi Puolakka.

---------

**ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ**

**ਹਰਜੋਤ ਬੈਂਸ ਤੇ ਫਿਨਲੈਂਡ ਦੇ ਰਾਜਦੂਤ ਵੱਲੋਂ 72 ਪ੍ਰਾਇਮਰੀ ਅਧਿਆਪਕਾਂ ਦੇ ਦੂਜੇ ਬੈਚ ਲਈ ਸਿਖਲਾਈ ਪ੍ਰੋਗਰਾਮ ਦਾ ਉਦਘਾਟਨ**

**•ਇਹ ਬੈਚ 15 ਮਾਰਚ ਨੂੰ ਯੂਨੀਵਰਸਿਟੀ ਆਫ ਤੁਰਕੂ ਵਿਖੇ ਦੋ ਹਫ਼ਤਿਆਂ ਦੀ ਸਿਖਲਾਈ ਲਈ ਹੋਵੇਗਾ ਫਿਨਲੈਂਡ ਰਵਾਨਾ**

**•ਹਰਜੋਤ ਬੈਂਸ ਨੇ ਪੰਜਾਬ ਵਿੱਚ ਸਕੂਲ ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਲਈ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਵਾਸਤੇ ਫਿਨਲੈਂਡ ਦੇ ਰਾਜਦੂਤ ਨਾਲ ਕੀਤਾ ਵਿਚਾਰ ਵਟਾਂਦਰਾ**

**•ਫਿਨਲੈਂਡ ਦੇ ਰਾਜਦੂਤ ਕਿਮੋ ਲਾਹਦੇਵਿਰਤਾ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਪੰਜਾਬ ਦੇ ਭਵਿੱਖਮੁਖੀ ਅਤੇ ਪ੍ਰਗਤੀਸ਼ੀਲ ਪਹਿਲਕਦਮੀਆਂ ਦੀ ਸ਼ਲਾਘਾ**

**•ਪੰਜਾਬ ਵੱਲੋਂ "ਟ੍ਰੇਨ ਦਿ ਟ੍ਰੇਨਰ" ਪ੍ਰੋਗਰਾਮ ਕੀਤਾ ਜਾਵੇਗਾ ਲਾਗੂ: ਬੈਂਸ**

**ਚੰਡੀਗੜ੍ਹ, 3 ਮਾਰਚ:**

**ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਭਾਰਤ ਵਿੱਚ ਫਿਨਲੈਂਡ ਦੇ ਰਾਜਦੂਤ ਸ੍ਰੀ ਕਿਮੋ ਲਾਹਦੇਵਿਰਤਾ ਨਾਲ ਮਿਲ ਕੇ ਅੱਜ ਇੱਥੇ 72 ਪ੍ਰਾਇਮਰੀ ਸਕੂਲ ਅਧਿਆਪਕਾਂ ਦੇ ਦੂਜੇ ਬੈਚ ਲਈ ਇੱਕ ਹਫ਼ਤੇ ਦੇ ਸਿਖਲਾਈ ਪ੍ਰੋਗਰਾਮ ਦਾ ਉਦਘਾਟਨ ਕੀਤਾ।**

**ਪੰਜਾਬ ਭਵਨ ਵਿਖੇ ਸਿਖਲਾਈ ਪ੍ਰੋਗਰਾਮ ਦੇ ਉਦਘਾਟਨ ਉਪਰੰਤ ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਅਧਿਆਪਕਾਂ ਦਾ ਇਹ ਬੈਚ ਯੂਨੀਵਰਸਿਟੀ ਆਫ ਤੁਰਕੂ ਵਿਖੇ ਦੋ ਹਫ਼ਤਿਆਂ ਦੀ ਸਿਖਲਾਈ ਲਈ 15 ਮਾਰਚ ਨੂੰ ਫਿਨਲੈਂਡ ਲਈ ਰਵਾਨਾ ਹੋਵੇਗਾ।**

**ਪਿਛਲੇ ਸਾਲ 21 ਅਕਤੂਬਰ ਤੋਂ 8 ਨਵੰਬਰ ਤੱਕ ਯੂਨੀਵਰਸਿਟੀ ਆਫ ਤੁਰਕੂ ਵਿਖੇ ਪਹਿਲੇ ਬੈਚ ਦੀ ਸਿਖਲਾਈ ਦੇ ਸਫਲਤਾਪੂਰਵਕ ਮੁਕੰਮਲ ਹੋਣ ਬਾਰੇ ਚਰਚਾ ਕਰਦਿਆਂ, ਸਿੱਖਿਆ ਮੰਤਰੀ ਨੇ ਭਾਰਤ ਵਿੱਚ ਫਿਨਲੈਂਡ ਦੇ ਰਾਜਦੂਤ ਸ੍ਰੀ ਕਿਮੋ ਲਾਹਦੇਵਿਰਤਾ ਅਤੇ ਯੂਨੀਵਰਸਿਟੀ ਆਫ ਤੁਰਕੂ ਦੇ ਮਾਹਿਰਾਂ ਨਾਲ ਸੂਬੇ ਵਿੱਚ ਸਕੂਲ ਸਿੱਖਿਆ ਦੇ ਮਿਆਰ ਨੂੰ ਹੋਰ ਉੱਚਾ ਚੁੱਕਣ ਲਈ ਪੰਜਾਬ ਅਤੇ ਫਿਨਲੈਂਡ ਵਿਚਕਾਰ ਸਿੱਖਿਆ ਦੇ ਖੇਤਰ ਵਿੱਚ ਸਹਿਯੋਗ ਨੂੰ ਹੋਰ ਵਧਾਉਣ ਲਈ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਨੇ ਵਿਸ਼ਵ ਪੱਧਰੀ ਸਿੱਖਿਆ ਪ੍ਰਣਾਲੀ ਲਈ ਜਾਣੇ ਜਾਂਦੇ ਫਿਨਲੈਂਡ ਨਾਲ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ 'ਤੇ ਵੀ ਜ਼ੋਰ ਦਿੱਤਾ।**

ਸੂਬੇ ਵਿੱਚ ਵਿਸ਼ਵ ਪੱਧਰੀ ਸਿੱਖਿਆ ਪ੍ਰਦਾਨ ਕਰਨ ਪ੍ਰਤੀ ਪੰਜਾਬ ਸਰਕਾਰ ਦੀ ਵਚਨਬੱਧਤਾ ਨੂੰ ਦਹੁਰਾਉਂਦਿਆਂ ਸਕੂਲ ਸਿੱਖਿਆ ਮੰਤਰੀ ਨੇ ਫਿਨਲੈਂਡ ਦੇ ਖਾਸ ਕਰਕੇ ਮੁੱਢਲੀ ਸਿੱਖਿਆ, ਅਧਿਆਪਕ ਸਿਖਲਾਈ ਅਤੇ ਡਿਜੀਟਲ ਸਿਖਲਾਈ ਵਰਗੇ ਖੇਤਰਾਂ ਵਿੱਚ ਨਵੀਨਤਾਕਾਰੀ ਵਿਦਿਅਕ ਅਭਿਆਸਾਂ ਤੋਂ ਸਿੱਖਣ ਵਿੱਚ ਡੂੰਘੀ ਦਿਲਚਸਪੀ ਜ਼ਾਹਰ ਕੀਤੀ। ਉਨ੍ਹਾਂ ਅੱਜ ਦੇ ਮੁਕਾਬਲੇ ਦੇ ਯੁੱਗ ਵਿੱਚ ਸਫ਼ਲ ਹੋਣ ਲਈ ਲੋੜੀਂਦੇ ਹੁਨਰਾਂ ਨਾਲ ਵਿਦਿਆਰਥੀਆਂ ਨੂੰ ਸਮਰੱਥ ਬਣਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

ਇਸ ਟੀਚੇ ਨੂੰ ਹਾਸਲ ਕਰਨ ਵਿੱਚ ਅੰਤਰਰਾਸ਼ਟਰੀ ਸਹਿਯੋਗ ਦੀ ਭੂਮਿਕਾ ਨੂੰ ਉਜਾਗਰ ਕਰਦਿਆਂ ਉਨ੍ਹਾਂ ਨੇ ਪੰਜਾਬ ਦੇ ਸਕੂਲ ਅਧਿਆਪਕਾਂ ਵੱਲੋਂ ਸਿੱਖਿਆ ਦੀਆਂ ਨਵੀਆਂ ਵਿਧੀਆਂ ਅਪਣਾਉਣ ਲਈ ਉਨ੍ਹਾਂ ਦੀ ਪ੍ਰਸ਼ੰਸਾ ਵੀ ਕੀਤੀ ਜੋ ਸਿੱਖਣ ਨੂੰ ਵਧੇਰੇ ਦਿਲਚਸਪ, ਆਨੰਦਮਈ ਅਤੇ ਪ੍ਰਭਾਵਸ਼ਾਲੀ ਬਣਾਉਂਦੀਆਂ ਹਨ ਅਤੇ ਜਿਸ ਨਾਲ ਸੂਬੇ ਵਿੱਚ ਸਿੱਖਿਆ ਦੇ ਆਧੁਨਿਕੀਕਰਨ ਦੀ ਇੱਕ ਮਜ਼ਬੂਤ ਨੀਂਹ ਰੱਖੀ ਗਈ ਹੈ।

ਸ. ਹਰਜੋਤ ਸਿੰਘ ਬੈਂਸ ਨੇ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਪ੍ਰਤੀ ਸੂਬਾ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਕਿਹਾ ਕਿ ਅਧਿਆਪਕ ਸਿਖਲਾਈ ਪ੍ਰੋਗਰਾਮ ਪੰਜਾਬ ਦੇ ਵਿਦਿਅਕ ਪ੍ਰਣਾਲੀ ਨੂੰ ਅੰਤਰਰਾਸ਼ਟਰੀ ਮਾਪਦੰਡਾਂ ਦੇ ਹਾਣੀ ਬਣਾਉਣ ਵੱਲ ਇੱਕ ਅਹਿਮ ਕਦਮ ਹੈ। ਉਨ੍ਹਾਂ ਨੇ ਅਧਿਆਪਕਾਂ ਨੂੰ ਲੋੜੀਂਦੇ ਗਿਆਨ, ਸਿਖਲਾਈ ਅਤੇ ਸਾਧਨਾਂ ਨਾਲ ਲੈਸ ਕਰਨ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਇਆ ਤਾਂ ਜੋ ਤਣਾਅ-ਮੁਕਤ ਅਤੇ ਦਿਲਚਸਪ ਸਿੱਖਣ ਦੇ ਮਾਹੌਲ ਨੂੰ ਉਤਸ਼ਾਹਿਤ ਕੀਤਾ ਜਾ ਸਕੇ।

ਫਿਨਲੈਂਡ ਦੇ ਰਾਜਦੂਤ ਸ੍ਰੀ ਕਿਮੋ ਲਾਹਦੇਵਿਰਤਾ ਨੇ ਸਿੱਖਿਆ ਖੇਤਰ ਵਿੱਚ ਪੰਜਾਬ ਸਰਕਾਰ ਦੀਆਂ ਭਵਿੱਖਮੁਖੀ ਅਤੇ ਪ੍ਰਗਤੀਸ਼ੀਲ ਪਹਿਲਕਦਮੀਆਂ ਦੀ ਸ਼ਲਾਘਾ ਕੀਤੀ ਅਤੇ ਪੰਜਾਬ ਨਾਲ ਵਿਦਿਅਕ ਖੇਤਰ ਵਿੱਚ ਭਾਈਵਾਲੀ ਲਈ ਫਿਨਲੈਂਡ ਦੇ ਸਹਿਯੋਗ ਦਾ ਭਰੋਸਾ ਦਿੱਤਾ। ਉਨ੍ਹਾਂ ਨੇ ਸੂਬੇ ਦੇ ਵਿਦਿਅਕ ਢਾਂਚੇ ਦੇ ਵਿਕਾਸ ਵਿੱਚ ਮਦਦ ਕਰਨ ਪ੍ਰਤੀ ਫਿਨਲੈਂਡ ਦੀ ਵਚਨਬੱਧਤਾ ਦਹੁਰਾਈ। ਉਨ੍ਹਾਂ ਕਿਹਾ ਕਿ ਬਿਹਤਰ ਅਭਿਆਸਾਂ ਅਤੇ ਗਿਆਨ ਦੇ ਆਦਾਨ-ਪ੍ਰਦਾਨ ਨਾਲ ਦੋਵਾਂ ਧਿਰਾਂ ਨੂੰ ਲਾਭ ਹੋਵੇਗਾ।

ਸ. ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਸਿਖਲਾਈ ਪਹਿਲਕਦਮੀਆਂ ਦੇ ਪ੍ਰਭਾਵ ਨੂੰ ਬਰਕਰਾਰ ਰੱਖਣ ਅਤੇ ਇਨ੍ਹਾਂ ਵਿੱਚ ਵਾਧਾ ਕਰਨ ਲਈ 'ਟ੍ਰੇਨ ਦਿ ਟ੍ਰੇਨਰ' ਪ੍ਰੋਗਰਾਮ ਵੀ ਲਾਗੂ ਕੀਤਾ ਜਾ ਰਿਹਾ ਹੈ। ਇਸ ਪ੍ਰੋਗਰਾਮ ਤਹਿਤ ਚੁਣੇ ਹੋਏ ਅਧਿਆਪਕ ਖੁਦ ਟ੍ਰੇਨਰ ਬਣ ਕੇ ਆਪਣੇ ਗਿਆਨ ਨੂੰ ਦੂਜੇ ਸਿੱਖਿਅਕਾਂ ਨਾਲ ਸਾਂਝਾ ਕਰਨਗੇ ਜਿਸ ਨਾਲ ਇਕ ਅਜਿਹਾ ਮਾਹੌਲ ਸਿਰਜਿਆ ਜਾਵੇਗਾ ਜੋ ਪੰਜਾਬ ਵਿੱਚ ਸਮੁੱਚੀ ਪ੍ਰਾਇਮਰੀ ਸਕੂਲ ਸਿੱਖਿਆ ਪ੍ਰਣਾਲੀ ਲਈ ਸਾਕਾਰਾਤਮਕ ਤੇ ਸਾਰਥਕ ਸਿੱਧ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਪਹੁੰਚ ਦਾ ਉਦੇਸ਼ ਸੂਬੇ ਭਰ ਵਿੱਚ ਸਿੱਖਿਆ ਪ੍ਰਣਾਲੀ ਨੂੰ ਬਿਹਤਰ ਬਣਾਉਣ ਲਈ ਇਕ ਸਵੈ-ਨਿਰਭਰ ਮਾਡਲ ਤਿਆਰ ਕਰਨਾ ਹੈ।

ਸਕੱਤਰ ਸਕੂਲ ਸਿੱਖਿਆ ਸ੍ਰੀ ਕਮਲ ਕਿਸ਼ੋਰ ਯਾਦਵ ਨੇ ਸਿਖਲਾਈ ਪ੍ਰੋਗਰਾਮ ਨੂੰ ਸਫਲ ਬਣਾਉਣ ਵਿੱਚ ਨਿਰੰਤਰ ਸਹਿਯੋਗ ਲਈ ਫਿਨਲੈਂਡ ਦੇ ਮਾਹਿਰਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਸੂਬੇ ਦੀ ਸਿੱਖਿਆ ਪ੍ਰਣਾਲੀ ਨੂੰ ਬਿਹਤਰ ਬਣਾਉਣ ਸਬੰਧੀ ਇਸ ਸਹਿਯੋਗ ਦੇ ਪ੍ਰਭਾਵ ਨੂੰ ਉਜਾਗਰ ਕੀਤਾ। ਐਸ.ਸੀ.ਈ.ਆਰ.ਟੀ., ਪੰਜਾਬ ਦੀ ਡਾਇਰੈਕਟਰ ਸ੍ਰੀਮਤੀ ਅਮਨਿੰਦਰ ਕੌਰ ਬਰਾੜ ਨੇ ਫਿਨਲੈਂਡ ਦੇ ਮਾਹਿਰਾਂ ਦਾ ਧੰਨਵਾਦ ਕੀਤਾ ਅਤੇ ਪੰਜਾਬ ਵਿੱਚ

**ਪ੍ਰਾਇਮਰੀ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਵਿੱਚ ਇਸ ਅੰਤਰਰਾਸ਼ਟਰੀ ਸਹਿਯੋਗ ਦੀ ਮਹੱਤਤਾ 'ਤੇ ਜ਼ੋਰ ਦਿੱਤਾ।**

**ਸਕੂਲ ਸਿੱਖਿਆ ਮੰਤਰੀ ਨੇ ਸ੍ਰੀ ਕਿਮੋ ਲਾਹਦੇਵਿਰਤਾ, ਫਿਨਲੈਂਡ ਦੂਤਾਵਾਸ ਵਿਖੇ ਵਿਗਿਆਨ ਅਤੇ ਉਚੇਰੀ ਸਿੱਖਿਆ ਦੇ ਕਾਊਂਸਲਰ ਸ੍ਰੀਮਤੀ ਲਿੱਸਾ ਟੋਇਵੋਨੇਨ, ਯੂਨੀਵਰਸਿਟੀ ਆਫ ਤੁਰਕੂ ਦੇ ਮੁੱਖ ਅਕਾਊਂਟ ਮੈਨੇਜਰ ਸ੍ਰੀ ਏਰੀ ਕੋਸਕੀ, ਫੈਕਲਟੀ ਆਫ਼ ਐਜੂਕੇਸ਼ਨ ਯੂਨੀਵਰਸਿਟੀ ਆਫ ਤੁਰਕੂ ਦੇ ਗਲੋਬਲ ਐਜੂਕੇਸ਼ਨਲ ਸਰਵਿਸਿਜ਼ ਦੇ ਚੇਅਰ ਸ੍ਰੀਮਤੀ ਕ੍ਰਿਸਟੀਨਾ ਹੇਕਿਲਾ, ਫਿਨਲੈਂਡ ਦੇ ਰਾਊਮਾ ਅਧਿਆਪਕ ਸਿਖਲਾਈ ਸਕੂਲ ਦੀ ਵਾਈਸ ਪ੍ਰਿੰਸੀਪਲ ਮਿਸ. ਮੋਇਲੀ ਨੈਰਾ ਅਤੇ ਅਧਿਆਪਕ ਸਿੱਖਿਆ ਵਿਭਾਗ ਦੀ ਸੀਨੀਅਰ ਖੋਜਕਰਤਾ ਸ੍ਰੀਮਤੀ ਸੁਵੀ ਪੁਓਲੱਕਾ ਦਾ ਸਨਮਾਨ ਕੀਤਾ।**

------------

सूचना और लोक संपर्क विभाग, पंजाब

**हरजोत बैंस और फिनलैंड के राजदूत द्वारा 72 प्राइमरी शिक्षकों के दूसरे बैच के प्रशिक्षण कार्यक्रम का उद्घाटन**

**यह बैच 15 मार्च को यूनिवर्सिटी ऑफ टुर्कू में दो हफ्तों के प्रशिक्षण के लिए फिनलैंड रवाना होगा**

**हरजोत बैंस ने पंजाब में स्कूल शिक्षा के स्तर को और ऊंचा उठाने के लिए सहयोग को  ओर मजबूत करने पर फिनलैंड के राजदूत के साथ विचार-विमर्श किया**

**फिनलैंड के राजदूत किमो लाहदेविरता ने शिक्षा के क्षेत्र में पंजाब की दूरदर्शी और प्रगतिशील पहलों की सराहना की**

**पंजाब में "ट्रेन द ट्रेनर" कार्यक्रम लागू किया जाएगा: बैंस**

**चंडीगढ़, 3 मार्च:**

पंजाब के स्कूल शिक्षा मंत्री स हरजोत सिंह बैंस ने भारत में फिनलैंड के राजदूत श्री किमो लाहदेविरता के साथ मिलकर आज यहां 72 प्राइमरी विद्यालय शिक्षकों के दूसरे बैच के लिए एक सप्ताह के प्रशिक्षण कार्यक्रम का उद्घाटन किया।

पंजाब भवन में प्रशिक्षण कार्यक्रम के उद्घाटन के बाद स हरजोत सिंह बैंस ने कहा कि यह बैच 15 मार्च को दो सप्ताह की ट्रेनिंग के लिए यूनिवर्सिटी ऑफ टुर्कू, फिनलैंड के लिए रवाना होगा।

पिछले साल 21 अक्टूबर से 8 नवंबर तक यूनिवर्सिटी ऑफ टुर्कू में पहले बैच के सफल प्रशिक्षण को लेकर चर्चा करते हुए, शिक्षा मंत्री ने भारत में फिनलैंड के राजदूत श्री किमो लाहदेविरता और यूनिवर्सिटी ऑफ टुर्कू के विशेषज्ञों के साथ पंजाब में स्कूल शिक्षा के स्तर को और ऊंचा उठाने के लिए दोनों देशों के बीच शैक्षिक सहयोग को और मजबूत करने पर विस्तृत विचार-विमर्श किया। उन्होंने विश्व स्तरीय शिक्षा प्रणाली के लिए प्रसिद्ध फिनलैंड के साथ संबंधों को और मजबूत करने पर जोर दिया।

प्रदेश में विश्व स्तरीय शिक्षा प्रदान करने की पंजाब सरकार की प्रतिबद्धता को दोहराते हुए, स्कूल शिक्षा मंत्री ने फिनलैंड की विशेष रूप से प्रारंभिक शिक्षा, शिक्षक प्रशिक्षण और डिजिटल शिक्षा जैसी क्षेत्रों में

नवीनतम शैक्षिक प्रथाओं से सीखने में गहरी रुचि व्यक्त की। उन्होंने प्रतिस्पर्धी युग में सफल होने के लिए आवश्यक कौशल से छात्रों को सशक्त बनाने के महत्व पर जोर दिया।
इस लक्ष्य को हासिल करने में अंतरराष्ट्रीय सहयोग की भूमिका को रेखांकित करते हुए, उन्होंने पंजाब के स्कूल शिक्षकों द्वारा नई शैक्षणिक विधियों को अपनाने की सराहना की, जो सीखने को अधिक रोचक, आनंददायक और प्रभावी बनाती हैं और जिससे प्रदेश में शिक्षा के आधुनिकीकरण की मजबूत नींव रखी गई है।

स हरजोत सिंह बैंस ने शिक्षा के स्तर को ऊंचा उठाने के प्रति राज्य सरकार की प्रतिबद्धता को दोहराते हुए कहा कि यह शिक्षक प्रशिक्षण कार्यक्रम पंजाब की शैक्षिक प्रणाली को अंतरराष्ट्रीय मानकों के अनुरूप बनाने की दिशा में एक महत्वपूर्ण कदम है। उन्होंने शिक्षकों को आवश्यक ज्ञान, प्रशिक्षण और संसाधनों से लैस करने की सरकार की प्रतिबद्धता को दोहराया, ताकि तनावमुक्त और रुचिकर शिक्षण वातावरण को बढ़ावा दिया जा सके।

फिनलैंड के राजदूत श्री किमो लाहदेविरता ने शिक्षा के क्षेत्र में पंजाब सरकार की दूरदर्शी और प्रगतिशील पहलों की सराहना की और पंजाब के साथ शैक्षिक सहयोग जारी रखने का आश्वासन दिया। उन्होंने राज्य की शैक्षिक संरचना के विकास में मदद के प्रति फिनलैंड की प्रतिबद्धता को दोहराया। उन्होंने कहा कि श्रेष्ठ शिक्षण प्रथाओं और ज्ञान के आदान-प्रदान से दोनों पक्षों को लाभ मिलेगा।

स हरजोत सिंह बैंस ने कहा कि पंजाब सरकार इन प्रशिक्षण पहलों के प्रभाव को बनाए रखने और इन्हें और आगे बढ़ाने के लिए 'ट्रेन द ट्रेनर' कार्यक्रम भी लागू कर रही है। इस कार्यक्रम के तहत चयनित शिक्षक स्वयं प्रशिक्षक बनकर अपने ज्ञान को अन्य शिक्षकों के साथ साझा करेंगे, जिससे एक ऐसा वातावरण निर्मित होगा जो पंजाब की संपूर्ण प्राइमरी विद्यालय शिक्षा प्रणाली के लिए सकारात्मक और लाभकारी सिद्ध होगा। उन्होंने कहा कि इस पहल का उद्देश्य पूरे राज्य में शिक्षा प्रणाली को बेहतर बनाने के लिए एक आत्मनिर्भर मॉडल तैयार करना है।

स्कूल शिक्षा सचिव श्री कमल किशोर यादव ने प्रशिक्षण कार्यक्रम को सफल बनाने में निरंतर सहयोग के लिए फिनलैंड के विशेषज्ञों की सराहना की। उन्होंने राज्य की शिक्षा प्रणाली को बेहतर बनाने में इस सहयोग के प्रभाव को उजागर किया। एससीईआरटी, पंजाब की निदेशक श्रीमती अमनिंदर कौर बराड़ ने फिनलैंड के विशेषज्ञों का धन्यवाद किया और पंजाब में प्राइमरी शिक्षा के स्तर को ऊंचा उठाने में इस अंतरराष्ट्रीय सहयोग के महत्व पर जोर दिया।

स्कूल शिक्षा मंत्री ने श्री किमो लाहदेविरता, फिनलैंड दूतावास में विज्ञान और उच्च शिक्षा की काउंसलर श्रीमती लिसा टोइवोनेन, यूनिवर्सिटी ऑफ टुर्कू के मुख्य अकाउंट मैनेजर श्री एरी कोस्की, फैकल्टी ऑफ एजुकेशन, यूनिवर्सिटी ऑफ टुर्कू के ग्लोबल एजुकेशनल सर्विसेज की चेयरपर्सन श्रीमती क्रिस्टीना हेकिला, फिनलैंड के राउमा शिक्षक प्रशिक्षण स्कूल की वाइस प्रिंसिपल मिस सोइली नौरा और शिक्षक शिक्षा विभाग की वरिष्ठ शोधकर्ता श्रीमती सुवी पुओलक्का को सम्मानित किया।
---------